# ਬ੍ਰੈਂਪਟਨ ਵਿੱਚ ਕੈਨੇਡਾ ਡੇ 2022

ਬ੍ਰੈਂਪਟਨ, ਓਨਟੈਰੀਓ (23 ਜੂਨ, 2022) – ਕੈਨੇਡਾ ਡੇ (Canada Day), ਸ਼ੁੱਕਰਵਾਰ, 1 ਜੁਲਾਈ ਨੂੰ ਹੈ।

ਫਾਇਰ ਐਂਡ ਐਮਰਜੈਂਸੀ ਸਰਵਿਸਿਜ (Fire and Emergency Services), ਟ੍ਰੈਫਿਕ ਸਰਵਿਸਿਜ (Traffic Services), ਬਾਇ-ਲਾਅ ਐਨਫੋਰਸਮੈਂਟ (By-Law Enforcement), ਰੋਡ ਓਪਰੇਸ਼ਨਸ (Road Operations), ਅਤੇ ਸਿਕਿਓਰਿਟੀ ਸਰਵਿਸਿਜ (Security Services) ਸਮੇਤ, ਸਾਰੀਆਂ ਮਹੱਤਵਪੂਰਣ ਸੇਵਾਵਾਂ, ਸਾਡੀ ਕਮਿਉਨਿਟੀ ਦੀ ਮਦਦ ਲਈ ਪਹਿਲਾਂ ਵਾਂਗ ਹੀ ਜਾਰੀ ਰਹਿਣਗੀਆਂ।

ਕਿਸੇ ਵੀ ਸਵਾਲਾਂ ਲਈ ਨਿਵਾਸੀ, 311 ਤੇ ਜਾਂ 905.874.2000 (ਬ੍ਰੈਂਪਟਨ ਦੇ ਬਾਹਰੋਂ) ਤੇ ਫੋਨ ਕਰ ਸਕਦੇ ਹਨ, ਬ੍ਰੈਂਪਟਨ 311 (Brampton 311) ਐਪ (ਜੋ ਐਪ ਸਟੋਰ (App Store) ਜਾਂ ਗੂਗਲ ਪਲੇ (Google Play) ਤੇ ਉਪਲਬਧ ਹੈ) ਦੀ ਵਰਤੋਂ ਕਰ ਸਕਦੇ ਹਨ, www.311brampton.ca ਤੇ ਜਾ ਸਕਦੇ ਹਨ ਜਾਂ 311@brampton.ca ਤੇ ਈਮੇਲ ਕਰ ਸਕਦੇ ਹਨ। ਅਸੀਂ, ਸਿਟੀ ਆਫ ਬ੍ਰੈਂਪਟਨ ਜਾਂ ਰੀਜਨ ਆਫ ਪੀਲ (Region of Peel) ਦੇ ਕਿਸੇ ਵੀ ਮੁੱਦਿਆਂ ਲਈ, 24/7 ਉਪਲਬਧ ਹਾਂ।

## ਕੈਨੇਡਾ ਡੇ 2022 ਦਾ ਜਸ਼ਨ ਮਨਾਓ

ਸਿਟੀ ਆਫ ਬ੍ਰੈਂਪਟਨ ਨੂੰ ਆਪਣੇ ਵਿਅਕਤੀਗਤ ਕੈਨੇਡਾ ਡੇ ਦੇ ਜਸ਼ਨ ਦੇ ਵਾਪਸ ਆਉਣ ਦਾ ਐਲਾਨ ਕਰਦੇ ਹੋਏ ਖੁਸ਼ੀ ਹੋ ਰਹੀ ਹੈ। ਇਹ ਚਿੰਗਕੂਜ਼ੀ ਪਾਰਕ (Chinguacousy Park) ਵਿੱਚ 1 ਜੁਲਾਈ ਨੂੰ, ਦੁਪਹਿਰ 12 ਵਜੇ ਤੋਂ ਰਾਤ 10 ਵਜੇ ਤੱਕ ਹੋਵੇਗਾ। ਬ੍ਰੈਂਪਟਨ ਦਾ ਕੈਨੇਡਾ ਡੇ ਦਾ ਜਸ਼ਨ, ਸਿਟੀ ਦਾ ਸਭ ਤੋਂ ਵੱਡਾ ਇੱਕ ਦਿਨ ਦਾ ਕਾਰਜਕਰਮ ਹੈ, ਜਿਸ ਵਿੱਚ ਲਾਈਵ ਮਨੋਰੰਜਨ, ਕਲਾ, ਸੱਭਿਆਚਾਰ, ਫੂਡ, ਪਟਾਕਿਆਂ ਆਦਿ ਨਾਲ ਭਰਪੂਰ ਮੌਕਿਆਂ ਦਾ ਜਸ਼ਨ ਮਨਾਇਆ ਜਾਂਦਾ ਹੈ!

ਕੈਨੇਡਾ ਡੇ ਕਾਰਜਕਰਮ ਬਾਰੇ ਹੋਰ ਜਾਣਕਾਰੀ ਲਈ, brampton.ca/canadaday ਤੇ ਜਾਓ।

## ਪਟਾਕਿਆਂ ਤੋਂ ਸੁਰੱਖਿਆ

ਕੈਨੇਡਾ ਡੇ, ਸਾਲ ਦੇ ਉਹਨਾਂ ਚਾਰ ਦਿਨਾਂ ਵਿੱਚੋਂ ਇੱਕ ਹੈ, ਜਦੋਂ ਬ੍ਰੈਂਪਟਨ ਵਿੱਚ ਨਿੱਜੀ ਪ੍ਰਾਪਰਟੀ ਤੇ, ਇਜਾਜ਼ਤ ਦੇ ਬਿਨਾਂ, ਛੋਟੀ-ਰੇਂਜ਼ ਦੇ ਪਟਾਕਿਆਂ ਦੀ ਇਜਾਜ਼ਤ ਹੁੰਦੀ ਹੈ। ਬਾਇ-ਲਾਅ ਦੇ ਅਧੀਨ, ਵਿਕਟੋਰੀਆ ਡੇ (Victoria Day), ਦੀਵਾਲੀ (Diwali) ਅਤੇ ਨਵੇਂ ਸਾਲ (New Year's Eve) ਨੂੰ ਵੀ ਪਟਾਕੇ ਚਲਾਉਣ ਦੀ ਇਜਾਜ਼ਤ ਹੁੰਦੀ ਹੈ।

ਛੋਟੀ-ਰੇਂਜ਼ ਦੇ ਪਟਾਕੇ ਅਜਿਹੇ ਪਟਾਕੇ ਹਨ, ਜੋ ਚਲਾਏ ਜਾਣ ਤੇ ਤਿੰਨ ਮੀਟਰ (10 ਫੁੱਟ) ਤੋਂ ਘੱਟ ਦੂਰ ਤੱਕ ਜਾਂਦੇ ਹਨ (ਉਦਾਹਰਨ ਲਈ ਅਨਾਰ, ਚੱਕਰ, ਜ਼ਮੀਨੀ ਚੱਕਰ, ਫੁਲਝੜੀਆਂ)। ਜੋ ਮੋਟੇ ਤੌਰ ਤੇ ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਦੀ ਬੱਸ ਜਾਂ ਬਾਸਕੇਟਬਾਲ ਹੂਪ ਜਿੰਨੀ ਉੱਚਾਈ ਤੇ ਜਾਂਦੇ ਹੋਣ।

ਹੋਰ ਸਾਰੇ ਰਾੱਕੇਟ ਕਿਸਮ ਦੇ ਪਟਾਕਿਆਂ ਤੇ ਬ੍ਰੈਂਪਟਨ ਵਿੱਚ ਪਾਬੰਦੀ ਹੈ। ਸਿਟੀ ਨਿਵਾਸੀਆਂ ਨੂੰ ਯਾਦ ਕਰਾਉਂਦੀ ਹੈ ਕਿ ਪਟਾਕਿਆਂ ਨੂੰ ਸਟ੍ਰੀਟ ਵਿੱਚ, ਸਾਈਡਵਾਕਸ ਤੇ, ਸਿਟੀ ਦੇ ਪਾਰਕਾਂ ਦੇ ਅੰਦਰ ਜਾਂ ਮਿਊਨਿਸਿਪਲ ਜਾਂ ਸਕੂਲ ਦੀਆਂ ਪ੍ਰਾਪਰਟੀਜ਼ ਤੇ ਚਲਾਉਣ ਦੀ ਇਜਾਜ਼ਤ ਨਹੀਂ ਹੈ।

ਨਿੱਜੀ ਪ੍ਰਾਪਰਟੀ ਤੇ ਛੋਟੀ-ਰੇਂਜ਼ ਦੇ ਪਟਾਕੇ ਚਲਾਉਂਦੇ ਸਮੇਂ, ਨਿਵਾਸੀਆਂ ਲਈ ਇਹਨਾਂ ਸੁਰੱਖਿਆ ਸਾਵਧਾਨੀਆਂ ਦੀ ਪਾਲਣਾ ਕਰਨੀ ਲਾਜ਼ਮੀ ਹੈ:

- ਆਪਣੇ ਕੋਲ ਪਾਣੀ ਦਾ ਕੰਟੇਨਰ ਜਾਂ ਪਾਣੀ ਨਾਲ ਭਰੀ ਕੋਈ ਹੋਜ਼ ਲਾਈਨ ਰੱਖੋ, ਜੋ ਪਟਾਕੇ ਬੁਝਾਉਣ ਲਈ ਉਪਲਬਧ ਹੋਵੇ।
- ਫੁਲਝੜੀ ਨੂੰ ਛੱਡ ਕੇ, ਕਦੇ ਵੀ ਪਟਾਕੇ ਨੂੰ ਆਪਣੇ ਹੱਥ ਵਿੱਚ ਫੜ੍ਹ ਕੇ ਅੱਗ ਨਾ ਲਗਾਓ ਜਾਂ ਅੱਗ ਲੱਗੇ ਪਟਾਕੇ ਨੂੰ ਹੱਥ ਵਿੱਚ ਨਾ ਫੜ੍ਹੋ।
- ਕਦੇ ਵੀ ਪਟਾਕਿਆਂ ਨੂੰ ਹੋਰਾਂ ਲੋਕਾਂ ਤੇ ਨਾ ਸੁੱਟੋ ਜਾਂ ਉਹਨਾਂ ਵੱਲ ਕਰਕੇ ਨਾ ਚਲਾਓ।
- ਫੁਲਝੜੀਆਂ ਚਲਾਉਣ ਤੋਂ ਬਾਅਦ, ਉਹਨਾਂ ਨੂੰ ਸੁੱਟਣ ਤੋਂ ਪਹਿਲਾਂ, ਪੂਰੀ ਤਰ੍ਹਾਂ ਨਾਲ ਠੰਡਾ ਹੋਣ ਦੇਣ ਲਈ ਪਾਣੀ ਦੇ ਕੰਟੇਨਰ ਵਿੱਚ ਪਾ ਦਿਓ।
- ਸਾਰੇ ਪਟਾਕਿਆਂ ਨੂੰ ਸੁੱਟਣ ਤੋਂ ਪਹਿਲਾਂ, ਉਹਨਾਂ ਨੂੰ ਪੂਰੀ ਤਰ੍ਹਾਂ ਠੰਡਾ ਹੋਣ ਦਿਓ।

ਹਰ ਸਾਲ, ਪਟਾਕਾ ਵਿਕਰੇਤਾਵਾਂ ਲਈ, ਪਟਾਕੇ ਵੇਚਣ ਵਾਸਤੇ ਲਾਇਸੈਂਸਸ਼ੁਦਾ ਹੋਣ ਲਈ ਸਿਟੀ ਤੋਂ ਟ੍ਰੇਨਿੰਗ ਲੈਣੀ ਜ਼ਰੂਰੀ ਹੈ। ਸਿਟੀ ਨੇ ਵਿਕਰੇਤਾਵਾਂ ਲਈ ਔਨਲਾਈਨ ਟ੍ਰੇਨਿੰਗ ਦੀ ਪੇਸ਼ਕਸ਼ ਕੀਤੀ ਹੈ। ਕੈਨੇਡਾ ਡੇ ਲਈ, ਪਟਾਕਿਆਂ ਦੇ ਕੋਈ ਲਾਇਸੈਂਸ ਜਾਰੀ ਨਹੀਂ ਕੀਤੇ ਗਏ ਹਨ। ਜੇਕਰ ਨਿਵਾਸੀ ਦੇਖਣ ਕਿ ਬ੍ਰੈਂਪਟਨ ਵਿੱਚ ਸਟੋਰਾਂ ਵਿੱਚ ਜਾਂ ਕਿਤੇ ਹੋਰ ਪਟਾਕੇ ਵੇਚੇ ਜਾ ਰਹੇ ਹਨ, ਤਾਂ ਉਹਨਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ, ਸਰਵਿਸ ਬ੍ਰੈਂਪਟਨ (Service Brampton) ਨੂੰ 311 ਤੇ ਜਾਂ 905.874.2000 (ਬ੍ਰੈਂਪਟਨ ਦੇ ਬਾਹਰੋਂ) ਤੇ ਫੋਨ ਕਰਕੇ, ਇਸਦੀ ਰਿਪੋਰਟ ਕਰਨ।

ਪਟਾਕਿਆਂ ਤੋਂ ਸੁਰੱਖਿਆ ਅਤੇ ਬਾਇਲਾਅਜ ਬਾਰੇ ਹੋਰ ਜਾਣਕਾਰੀ ਲਈ, www.brampton.ca/fireworks ਤੇ ਜਾਓ।

## ਬ੍ਰੈਂਪਟਨ ਟ੍ਰਾਂਜ਼ਿਟ

ਬ੍ਰੈਂਪਟਨ ਟ੍ਰਾਂਜ਼ਿਟ, ਕੈਨੇਡਾ ਡੇ ਨੂੰ ਐਤਵਾਰ/ਛੁੱਟੀ ਵਾਲੇ ਸ਼ੈਡਿਊਲ ਤੇ ਚੱਲੇਗੀ। ਟਰਮੀਨਲਾਂ ਵਿਖੇ ਗਾਹਕ ਸੇਵਾ (Customer Service) ਕਾਊਂਟਰ ਬੰਦ ਹਨ। ਸੰਪਰਕ ਕੇਂਦਰ (Contact Centre), ਸਵੇਰੇ 9 ਵਜੇ ਤੋਂ ਸ਼ਾਮ 6 ਵਜੇ ਤੱਕ ਸਹਾਇਤਾ ਲਈ ਉਪਲਬਧ ਹੈ।

ਬ੍ਰੈਂਪਟਨ ਟ੍ਰਾਂਜ਼ਿਟ, ਦੁਪਹਿਰ 12 ਵਜੇ ਤੋਂ ਰਾਤ 10:30 ਵਜੇ ਦੇ ਵਿਚਕਾਰ, ਚਿੰਗਕੂਜ਼ੀ ਪਾਰਕ ਵਿਖੇ ਕੈਨੇਡਾ ਡੇ ਦੇ ਜਸ਼ਨ ਵਾਸਤੇ ਆਉਣ-ਜਾਣ ਲਈ ਮੁਫਤ ਸ਼ਟਲ ਬੱਸ ਸੇਵਾਵਾਂ ਪ੍ਰਦਾਨ ਕਰੇਗਾ! ਹੇਠਾਂ ਲਿਖੀਆਂ ਚਾਰ ਥਾਵਾਂ ਵਿੱਚੋਂ ਕਿਸੇ ਇੱਕ ਤੇ ਮੁਫਤ ਸ਼ਟਲ ਬੱਸ ਦੀ ਸਵਾਰੀ ਕਰੋ:

- ਮਾਊਂਟ ਪਲੈਜ਼ੈਂਟ ਗੋ ਸਟੇਸ਼ਨ (Mount Pleasant GO Station)
- ਟ੍ਰਿਨਿਟੀ ਕੌਮਨ ਮਾੱਲ (Trinity Common Mall)
- ਸ਼ੈਰੀਡਨ ਕਾਲੇਜ (Sheridan College)
- ਗੋਰ ਮੇਡੋਜ ਕਮਿਉਨਿਟੀ ਸੈਂਟਰ (Gore Meadows Community Centre)

ਰੂਟ ਅਤੇ ਸ਼ੈਡਿਊਲ ਜਾਣਕਾਰੀ ਲਈ, 905.874.2999 ਤੇ ਫੋਨ ਕਰੋ ਜਾਂ www.bramptontranit.com ਤੇ ਜਾਓ।

ਬ੍ਰੈਂਪਟਨ ਟ੍ਰਾਂਜ਼ਿਟ ਦੀਆਂ ਬੱਸਾਂ ਤੇ ਅਤੇ ਬ੍ਰੈਂਪਟਨ ਟ੍ਰਾਂਜ਼ਿਟ ਦੇ ਟਰਮੀਨਲਾਂ ਵਿੱਚ ਮਾਸਕ ਵਿਕਲਪਿਕ ਹਨ। ਉਹਨਾਂ ਦਾ ਸਨਮਾਨ ਕਰੋ, ਜੋ ਮਾਸਕ ਪਹਿਨਣਾ ਜਾਰੀ ਰੱਖਣਾ ਚਾਹੁੰਦੇ ਹਨ ਅਤੇ ਜੋ ਨਹੀਂ ਪਹਿਨਣਾ ਚਾਹੁੰਦੇ।

ਸੇਵਾ ਅੱਪਡੇਟਸ ਲਈ, www.bramptontransit.com ਤੇ ਜਾਓ ਜਾਂ Twitter ਤੇ @bramptontransit ਨੂੰ ਫਾੱਲੋ ਕਰੋ। ਸਵਾਲ ਸਿੱਧੇ, ਬ੍ਰੈਂਪਟਨ ਟ੍ਰਾਂਜ਼ਿਟ ਦੇ ਸੰਪਰਕ ਕੇਂਦਰ ਨੂੰ, 905.874.2999 ਤੇ ਪੁੱਛੇ ਜਾ ਸਕਦੇ ਹਨ।

## ਬ੍ਰੈਂਪਟਨ ਦੇ ਪਾਰਕ

ਬਿਨਾਂ ਜੰਜੀਰ ਬੰਨ੍ਹੇ ਕੁੱਤਿਆਂ ਲਈ ਉਪਲਬਧ ਪਾਰਕਾਂ ਸਮੇਤ, ਬ੍ਰੈਂਪਟਨ ਦੀਆਂ ਰੇਕ੍ਰੀਏਸ਼ਨਲ ਟ੍ਰੇਲਾਂ, ਪਲੇਗ੍ਰਾਊਂਡ ਅਤੇ ਪਾਰਕ, ਕੈਨੇਡਾ ਡੇ ਨੂੰ ਖੁੱਲੇ ਰਹਿਣਗੇ। ਹਰ ਕਿਸੇ ਦੀ ਸਿਹਤ ਅਤੇ ਤੰਦਰੁਸਤੀ ਲਈ ਸਰੀਰਕ ਗਤੀਵਿਧੀ ਮਹੱਤਵਪੂਰਣ ਹੈ! ਸਾਡੇ ਪਾਰਕ ਅਤੇ ਰੇਕ੍ਰੀਏਸ਼ਨ ਟ੍ਰੇਲਾਂ ਦੇਖਣ ਲਈ, www.brampton.ca/parks ਤੇ ਜਾਓ। ।

## ਬ੍ਰੈਂਪਟਨ ਰੇਕ੍ਰੀਏਸ਼ਨ

ਬ੍ਰੈਂਪਟਨ ਦੇ ਰੇਕ੍ਰੀਏਸ਼ਨ ਸੈਂਟਰ, ਕੈਨੇਡਾ ਡੇ ਨੂੰ ਸੰਸ਼ੋਧਿਤ ਸਮੇਂ ਦੇ ਮੁਤਾਬਕ ਖੁੱਲਣਗੇ। ਛੁੱਟੀ ਦੇ ਘੰਟੇ, ਇੱਥੇ (here) ਦੇਖੇ ਜਾ ਸਕਦੇ ਹਨ।

ਟੈਨਿਸ ਅਤੇ ਪਿਕਲਬਾਲ ਕੋਰਟਸ, ਸਪਲੈਸ਼ ਪੈਡਸ ਅਤੇ ਰੇਕ੍ਰੀਏਸ਼ਨਲ ਟ੍ਰੇਲਸ ਸਮੇਤ, ਕਈ ਤਰ੍ਹਾਂ ਦੀਆਂ ਆਊਟਡੋਰ ਸਹੂਲਤਾਂ ਬਾਰੇ ਜਾਣਕਾਰੀ ਲਈ, www.brampton.ca/summerfun ਤੇ ਜਾਓ।

ਰੇਕ੍ਰੀਏਸ਼ਨ ਸੈਂਟਰਾਂ, ਉਪਲਬਧ ਪ੍ਰੋਗਰਾਮਾਂ, ਮੈਂਬਰਸ਼ਿਪਸ ਆਦਿ ਬਾਰੇ ਜਾਣਕਾਰੀ ਲਈ, www.brampton.ca/recreation ਤੇ ਜਾਓ।

## ਬ੍ਰੈਂਪਟਨ ਲਾਇਬ੍ਰੇਰੀ

ਬ੍ਰੈਂਪਟਨ ਲਾਇਬ੍ਰੇਰੀ (Brampton Library) ਦੀਆਂ ਸਾਰੀਆਂ ਬ੍ਰਾਂਚਾਂ, ਕੈਨੇਡਾ ਡੇ ਨੂੰ ਬੰਦ ਰਹਿਣਗੀਆਂ। 3 ਜੁਲਾਈ, 2022 ਤੋਂ, ਸਾਰੀਆਂ ਬ੍ਰਾਂਚਾਂ ਹਰੇਕ ਐਤਵਾਰ ਨੂੰ ਬੰਦ ਰਹਿਣਗੀਆਂ।

ਈਬੁੱਕਸ ਅਤੇ ਈਔਡੀਓਬੁੱਕਸ, ਸਟ੍ਰੀਮ ਟੈਲੀਵਿਜਨ ਅਤੇ ਮੂਵੀਜ ਲੈਣ ਵਾਸਤੇ, ਕਈ ਤਰ੍ਹਾਂ ਦੇ ਸਿੱਖਿਆਤਮਕ, ਰਚਨਾਤਮਕ ਅਤੇ ਪ੍ਰੋਫੈਸ਼ਨਲ ਡਿਜੀਟਲ ਸਿਖਲਾਈ ਪਲੇਟਫਾਰਮਾਂ ਤੱਕ ਪਹੁੰਚ ਲਈ ਔਨਲਾਈਨ, www.bramptonlibrary.ca ਤੇ ਸਾਡੇ ਨਾਲ ਜੁੜੋ। ਸਾਡੇ, ਕੈਲੰਡਰ ਆਫ ਇਵੈਂਟਸ (calendar of events) ਦੇ ਦੁਆਰਾ ਹਰ ਉਮਰ ਅਤੇ ਰੁਚੀ ਵਾਲੇ ਵਿਅਕਤੀਆਂ ਲਈ ਵਰਚੁਅਲ (ਆਭਾਸੀ), ਇਨ-ਬ੍ਰਾਂਚ ਅਤੇ ਡ੍ਰੌਪ-ਇਨ (ਬਿਨਾਂ ਬੁੱਕ ਕੀਤੇ) ਪ੍ਰੋਗਰਾਮਾਂ ਲਈ ਰਜਿਸਟਰ ਕਰੋ ਅਤੇ ਸਾਡੇ ਈਮੇਲ ਅੱਪਡੇਟਸ ਲਈ ਸਬਸਕ੍ਰਾਈਬ ਕਰੋ (subscribe to our email updates)। ਸਾਨੂੰ Facebook, Twitter, Instagram ਅਤੇ LinkedIn ਤੇ ਫਾਲੋ ਕਰੋ ਅਤੇ iOS ਅਤੇ Google Play ਤੇ ਬ੍ਰੈਂਪਟਨ ਲਾਇਬ੍ਰੇਰੀ ਦਾ ਮੋਬਾਈਲ ਐਪ ਜ਼ਰੂਰ ਡਾਊਨਲੋਡ ਕਰੋ। ਸਾਡੇ ਐਪ ਬਾਰੇ ਹੋਰ ਵੇਰਵਿਆਂ ਲਈ ਇੱਥੇ ਕਲਿੱਕ ਕਰੋ (Click here for more details about our app)। ਸਾਡੇ ਸਟਾਫ ਦੇ ਨਾਲ ਲਾਈਵ ਚੈਟ ਜਾਂ ਸਵਾਲ ਪੁੱਛਣ ਲਈ, ਸਾਡੀ ਵੈਬਸਾਈਟ ਤੇ ਜਾਓ (live chat with our staff, or Ask A Question, visit our website)।

## ਬ੍ਰੈਂਪਟਨ ਐਨੀਮਲ ਸਰਵਿਸਿਜ

ਬ੍ਰੈਂਪਟਨ ਐਨੀਮਲ ਸ਼ੈਲਟਰ (Brampton Animal Shelter), ਕੈਨੇਡਾ ਡੇ ਨੂੰ ਬੰਦ ਰਹੇਗਾ। ਐਨੀਮਲ ਕੰਟ੍ਰੋਲ (Animal Control), ਸਵੇਰੇ 8 ਵਜੇ ਤੋਂ ਸ਼ਾਮ 6:30 ਵਜੇ ਤੱਕ ਸੜਕ ਤੇ ਮੌਜੂਦ ਹੋਵੇਗਾ ਅਤੇ ਇਹਨਾਂ ਘੰਟਿਆਂ ਤੋਂ ਬਾਅਦ, ਐਮਰਜੈਂਸੀ ਸਬੰਧੀ ਕਾਲਾਂ ਦਾ ਜਵਾਬ ਦੇਣਾ ਜਾਰੀ ਰੱਖੇਗਾ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca